# TODAY'S HUKAMNAMA FROM SRI DARBAR SAHIB
# Sri Amritsar.

**[July 4, 2013, Thursday 04:30 AM. IST]**

ਬਿਹਾਗੜਾ ਮਹਲਾ ੫ ਛੰਤ ॥

ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ ॥ ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ ॥ ਦੁਖ ਹਰਨ ਕਿਰਪਾ ਕਰਨ ਮੋਹਨ ਕਲਿ ਕਲੇਸਹ ਭੰਜਨਾ ॥ ਸਰਨਿ ਤੇਰੀ ਰਖਿ ਲੇਹੁ ਮੇਰੀ ਸਰਬ ਮੈ ਨਿਰੰਜਨਾ ॥ ਸੁਨਤ ਪੇਖਤ ਸੰਗਿ ਸਭ ਕੈ ਪ੍ਰਭ ਨੇਰਹੂ ਤੇ ਨੇਰੇ ॥ ਅਰਦਾਸਿ ਨਾਨਕ ਸੁਨਿ ਸੁਆਮੀ ਰਖਿ ਲੇਹੁ ਘਰ ਕੇ ਚੇਰੇ ॥੧॥ ਤੂ ਸਮਰਥੁ ਸਦਾ ਹਮ ਦੀਨ ਭੇਖਾਰੀ ਰਾਮ ॥ ਮਾਇਆ ਮੋਹਿ ਮਗਨੁ ਕਢਿ ਲੇਹੁ ਮੁਰਾਰੀ ਰਾਮ ॥ ਲੋਭਿ ਮੋਹਿ ਬਿਕਾਰਿ ਬਾਧਿਓ ਅਨਿਕ ਦੋਖ ਕਮਾਵਨੇ ॥ ਅਲਿਪਤ ਬੰਧਨ ਰਹਤ ਕਰਤਾ ਕੀਆ ਅਪਨਾ ਪਾਵਨੇ ॥ ਕਰਿ ਅਨੁਗ੍ਰਹੁ ਪਤਿਤ ਪਾਵਨ ਬਹੁ ਜੋਨਿ ਭ੍ਰਮਤੇ ਹਾਰੀ ॥ ਬਿਨਵੰਤਿ ਨਾਨਕ ਦਾਸੁ ਹਰਿ ਕਾ ਪ੍ਰਭ ਜੀਅ ਪ੍ਰਾਨ ਅਧਾਰੀ ॥੨॥ ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ॥ ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ ॥ ਅਗਾਧਿ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨ ਜਾਨਾ ॥ ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚੁ ਇਆਨਾ ॥ ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ ॥ ਨਾਨਕ ਸਰਨਿ ਸਮਰਥ ਸੁਆਮੀ ਪੈਜ ਰਾਖਹੁ ਮੋਰੀ ॥੩॥ ਜਾ ਤੇ ਵੀਛੁੜਿਆ ਤਿਨਿ ਆਪਿ ਮਿਲਾਇਆ ਰਾਮ ॥ ਸਾਧੂ ਸੰਗਮੇ ਹਰਿ ਗੁਣ ਗਾਇਆ ਰਾਮ ॥ ਗੁਣ ਗਾਇ ਗੋਵਿਦ ਸਦਾ ਨੀਕੇ ਕਲਿਆਣਮੈ ਪਰਗਟ ਭਏ ॥ ਸੇਜਾ ਸੁਹਾਵੀ ਸੰਗਿ ਪ੍ਰਭ ਕੈ ਆਪਣੇ ਪ੍ਰਭ ਕਰਿ ਲਏ ॥ ਛੋਡਿ ਚਿੰਤ ਅਚਿੰਤ ਹੋਏ ਬਹੁੜਿ ਦੂਖੁ ਨ ਪਾਇਆ ॥ ਨਾਨਕ ਦਰਸਨੁ ਪੇਖਿ ਜੀਵੇ ਗੋਵਿੰਦ ਗੁਣਨਿਧਿ ਗਾਇਆ ॥੪॥੫॥੮॥

ਸੰਸਾਰ ਦੀ ਮੋਹ ਮਾਇਆ ਵਿਚ ਫੱਸਿਆ ਹੋਇਆ ਜੀਵ ਆਪਣੇ ਅਨੇਕ ਅਉਗਣਾ ਕਰਕੇ ਦੁਖੀ ਤੇ ਪਰੇਸ਼ਾਨ ਰਹਿੰਦਾ ਹੈ ।ਇਹ ਸੰਸਾਰ ਦੇ ਧਨ ਪਦਾਰਥ ਇਕੱਠੇ ਕਰਨ ਲਈ ਅਨੇਕਾਂ ਪਾਪ ਕਰਦਾ ਹੈ ਜਿਸ ਨਾਲ ਇਸਦਾ ਮਨ ਹੋਰ ਦੁਖੀ ਤੇ ਪਰੇਸ਼ਾਨ ਹੁੰਦਾ ਹੈ ।ਜੇ ਕਿਤੇ ਚੰਗੇ ਭਾਗਾਂ ਨਾਲ ਇਹ ਸਤਿਗੁਰਾਂ ਦੀ ਸੰਗਤ ਵਿਚ ਜੁੜ ਬੈਠੇ ਤਾਂ ਇਸਨੂੰ ਆਪਣੇ ਅਸਲੇ ਦੀ ਪ੍ਰਤੀਤ ਹੋਵੇ ਤੇ ਆਪਣੀਆ ਪਰੇਸ਼ਾਨੀਆ ਤੇ ਦੁਖਾਂ ਦਾ ਕਾਰਨ ਸਮਝ ਆਵੇ ਕਿ ਸੁਖਦਾਤੇ ਪ੍ਰਭੂ ਨੂੰ ਵਿਸਾਰ ਕੇ ਹੀ ਇਸਨੂੰ ਇਹ ਸਾਰੇ ਕਸ਼ਟ ਵਿਆਪ ਰਹੇ ਹਨ ।ਫ਼ਿਰ ਇਸਨੂੰ ਪ੍ਰਭੂ ਦੀ ਵਡਿਆਈ ਦੀ ਵੀ ਪ੍ਰਤੀਤ ਹੋਵੇ ਕਿ ਉਹ ਸਭ ਤੋਂ ਵੱਡਾ ਤੇ ਸਮਰਥ ਹੈ,ਉਹ ਅਕ੍ਰਿਤਘਣਾਂ ਦੀ ਵੀ ਪ੍ਰਤਿਪਾਲਨਾ ਕਰ ਰਿਹਾ ਹੈ,ਉਹ ਪਰਮ ਦਿਆਲੂ ਹੈ ਤੇ ਦਰ ਆਇਆਂ ਦੀ ਲਾਜ ਪਾਲਦਾ ਹੈ ਤੇ ਉਨ੍ਹਾਂ ਦੇ ਕੀਤੇ ਅਨੇਕਾਂ ਪਾਪ ਤੇ ਅਪਰਾਧ ਮੁਆਫ਼ ਕਰਕੇ ਆਪਣਾ ਬਣਾ ਲੈਂਦਾ ਹੈ ।ਇਸਤਰ੍ਹਾਂ ਜੀਵ ਨਿਰਮਾਣ ਹੋਕੇ ਉਸਦੇ ਅੱਗੇ ਅਰਦਾਸ ਕਰਦਾ ਹੈ ਤਾਂ ਉਹ ਉਸਨੂੰ ਆਪਣੇ ਸਦੀਵੀ ਮਿਲਾਪ ਵਿਚ ਲੈਕੇ ਸਾਰੇ ਦੁਖ ਕਲੇਸ਼ ਕੱਟਕੇ ਉਸਦਾ ਜੀਵਨ ਆਨੰਦਮਈ ਮਣਾ ਦੇਂਦਾ ਹੈ ।